



ਮੀਂਹ ਦੇ ਨਾਲਿਆਂ ‘ਤੇ ਲੱਗੇ ਨਿਸ਼ਾਨ ਸਾਨੂੰ ਯਾਦ ਕਰਵਾਉਂਦੇ ਹਨ ਕਿ ਅਸੀਂ ਸਾਰੇ ਆਪਣੇ ਵਾਤਾਵਰਣ ਨਾਲ ਜੁੜ ਹੋਏ ਹਾਂ।

# ਕਾਰਪੇਟ ਅਤੇ ਇਮਾਰਤਾਂ ਦੀ ਸਫ਼ਾਈ

ਮੀਂਹ ਦੇ ਨਾਲਿਆਂ ਦਾ ਪ੍ਰਦੂਸ਼ਣ ਰੋਕ ਕੇ ਆਪਣੇ ਪਾਣੀ ਦੇ ਜੀਆਂ ਦੀ ਰੱਖਿਆ ਕਰੋ।

## ਤਰਲ ਪਦਾਰਥ ਡੁੱਲਣ ਤੋਂ ਬਚਾਉਣੇ

ਕਾਰਪੇਟ ਅਤੇ ਸਫ਼ਾਈਆਂ ਕਰਨ ਲਈ ਵਰਤੇ ਜਾਂਦੇ ਰਸਾਇਣਾਂ ਅਤੇ ਘੋਲਾਂ ਨੂੰ ਮੀਂਹ ਦੇ ਨਾਲਿਆਂ ਵਿੱਚ ਜਾਣ ਤੋਂ ਬਚਾਉਣਾ ਚਾਹੀਦਾ ਹੈ। ਇਹ ਘੋਲ ਖ਼ਾਰੇ, ਜ਼ਹਿਰੀਲੇ ਜਾਂ ਖ਼ਤਰਨਾਕ ਹੋ ਸਕਦੇ ਹਨ ਜਿਹੜੇ ਵਾਤਾਵਰਣ ਨੂੰ ਨੁਕਸਾਨ ਕਰ ਸਕਦੇ ਹਨ। ਹਮੇਸ਼ਾ ਲੇਬਲ ਪੜ੍ਹੋ ਅਤੇ ਹਿਦਾਇਤਾਂ ਨੂੰ ਮੰਨੋ।

ਜੇਕਰ ਅਜਿਹੇ ਘੋਲ ਗਲਤੀ ਨਾਲ ਡੁੱਲ ਜਾਣ ਤਾਂ ਤੁਰੰਤ ਪ੍ਰੋਵਿੰਸ਼ੀਅਲ ਐਮਰਜੈਂਸੀ ਪ੍ਰੋਗਰਾਮ (ਫਓਫ) ਨਾਲ 1.800.663.3456 ‘ਤੇ ਸੰਪਰਕ ਕਰੋ।ਜੇਕਰ ਇਹ ਘੋਲ ਖ਼ਾਰਾ, ਜ਼ਹਿਰੀਲਾ, ਅੱਗ ਲੱਗਣ ਯੋਗ ਜਾਂ ਖ਼ਤਰਨਾਕ ਹੈ ਤਾਂ ਤੁਰੰਤ ਸਰੀ ਫਾਇਰ ਡਿਪਾਰਟਮੈਂਟ ਨੂੰ 911 ‘ਤੇ ਫੋਨ ਕਰੋ।

ਜੇਕਰ ਕੋਈ ਵੀ ਵਿਅਕਤੀ ਮੀਂਹ ਦੇ ਨਾਲਿਆਂ ਨੂੰ ਗੰਦਾ ਕਰਦੇ ਹਨ, ਉਹਨਾਂ ‘ਤੇ ਵਾਤਾਵਰਣ ਸੰਬੰਧੀ ਇਹਨਾਂ ਕਾਨੂੰਨਾਂ ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ:

- ਫੈਡਰਲ ਫਿਸ਼ਰੀਜ਼ ਐਕਟ
- ਬੀਸੀ ਹੈਜ਼ਰਡਸ ਵੇਸਟ ਰੈਗੁਲੇਸ਼ਨ
- ਬੀਸੀ ਐਨਵਾਇਰਮੈਂਟਲ ਮੈਨੇਜਮੈਂਟ ਐਕਟ
- ਸਰੀ ਬਾਇਲਾਅ ਨੰਬਰ16610

## ਵਧੇਰੇ ਜਾਣਕਾਰੀ ਲਈ

ਆਰਸੀਬੀਸੀ ਰੀਸਾਈਕਲ ਹੌਟਲਾਈਨ
604.732.9253

ਪ੍ਰੋਡਕਟ ਕੇਅਰ ਐਸੋਸੀਏਸ਼ਨ
604.592.2972
www.productcare.org

ਸਿਟੀ ਆਫ਼ ਸਰੀ
ਪਲੰਬਿੰਗ ਸੈਕਸ਼ਨ
604.591.4245

ਸਿਟੀ ਆਫ਼ ਸਰੀ
ਇਨਵਾਇਰਨਮੈਂਟ ਐਂਡ ਡਰੇਨੇਜ ਸੈਕਸ਼ਨ
604.591.4321

ਮੈਟਰੋ ਵੈਨਕੂਵਰ
ਸੋਰਸ ਕੰਟਰੋਲ
604.436.6777

ਸਰੀ ਫਾਇਰ ਡਿਪਾਰਟਮੈਂਟ
604.543.6760

ੇਕਰ ਤੁਸੀਂ ਕਿਸੇ ਨੂੰ ਮੀਂਹ ਦੇ ਨਾਲਿਆਂ ਵਿਚ ਤੇਲ ਜਾਂ ਰਸਾਇਣ ਪਾਉਂਦੇ ਵੇਖਦੇ ਹੋ ਤਾਂ ਕ੍ਰਿਪਾ ਕਰਕੇ ਸਿਟੀ ਆਫ਼ ਸਰੀ ਦੇ ਇੰਜਨੀਅਰਿੰਗ ਵਿਭਾਗ ਨੂੰ **604-590-7226** ਅਤੇ 4:30 ਤੋਂ ਬਾਅਦ **604-591-4431** ‘ਤੇ ਸੰਪਰਕ ਕਰੋ।

09282

www.surrey.ca

CITY OF SURREY





## ਕਾਰਪੇਟ ਅਤੇ ਇਮਾਰਤਾਂ ਦੀ ਸਫ਼ਾਈ ਕਰਨੀ

ਇਮਾਰਤਾਂ ਦੇ ਵੱਖ-ਵੱਖ ਹਿੱਸਿਆਂ ਅਤੇ ਕਾਰਪੇਟਾਂ ਨੂੰ ਸਾਫ਼ ਕਰਨ, ਅਰੋਗ ਕਰਨ ਅਤੇ ਸੁਗੰਧਤ ਕਰਨ ਲਈ ਕਈ ਤਰ੍ਹਾਂ ਦੇ ਪਦਾਰਥ ਅਤੇ ਘੋਲ ਵਰਤੇ ਜਾਂਦੇ ਹਨ। ਇਹ ਚੀਜ਼ਾਂ ਜ਼ਹਿਰੀਲ-ੀਆਂ, ਖਾਰੀਆਂ ਜਾਂ ਅੱਗ ਲੱਗਣ ਵਾਲੀਆਂ ਹੋ ਸਕਦੀਆਂ ਹਨ। ਕਾਰਪੇਟਾਂ ਦੇ ਗੰਦੇ ਪਾਣੀ ਵਿੱਚ ਮੈਲ, ਨੁਕਸਾਨ ਕਰਨ ਵਾਲੇ ਰਸਾਇਣ ਜਾਂ ਹੋਰ ਪ੍ਰਦੂਸ਼ਣ ਹੋ ਸਕਦੇ ਹਨ। ਜੇਕਰ ਇਹ ਗੰਦਾ ਪਾਣੀ ਨਾਲਿਆਂ, ਪਾਰਕਿੰਗ ਲਾਟਾਂ ਜਾਂ ਖੱਡਿਆਂ ਵਿੱਚ ਸੁੱਟਿਆ ਜਾਂਦਾ ਹੈ ਤਾਂ ਇਹ ਮੀਂਹ ਦੇ ਨਾਲਿਆਂ ਵਿੱਚ ਜਾਕੇ ਉਹਨਾਂ ਨੂੰ ਪ੍ਰਦੂਸ਼ਤ ਕਰ ਸਕਦਾ ਹੈ।

ਸਰੀ ਦੇ ਮੀਂਹ ਦੇ ਨਾਲਿਆਂ ਦਾ ਪਾਣੀ ਬਿਨਾਂ ਕਿਸੇ ਪ੍ਰਦੂਸ਼ਣ ਦੇ ਇੱਥੋਂ ਦੀਆਂ ਸਥਾਨਕ ਨਦੀਆਂ ਅਤੇ ਨਾਲਿਆਂ ਵਿੱਚ ਜਾ ਕੇ ਰਲਦਾ ਹੈ ਅਤੇ ਜੇਕਰ ਇਹ ਪਾਣੀ ਪ੍ਰਦੂਸ਼ਤ ਹੋਵੇਗਾ ਤਾਂ ਇਹ ਮੱਛੀਆਂ ਅਤੇ ਸਾਡੇ ਵਾਤਾਵਰਣ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਸਰੀ ਵਿੱਚ ਲਗਭਗ 1500 ਕਿਲੋਮੀਟਰ ਲੰਬੀਆਂ ਨਦੀਆਂ ਅਤੇ ਨਾਲੇ ਹਨ। ਇਹ ਨਦੀਆਂ ਇੱਕ ਵਿਸ਼ੇਸ਼ ਕਿਸਮ ਦੇ ਪਾਣੀ ਦੇ ਸੋਮੇ ਹਨ ਜਿਹੜੇ ਸੈਮਨ, ਟਰਾਉਟ ਅਤੇ ਪਾਣੀ ਦੇ ਦੂਜੇ ਜੀਵਾਂ ਲਈ ਕੁਦਰਤੀ ਸਹਾਰਾ ਹਨ।

## ਕੰਮ ਕਰਨ ਦੇ ਸਹੀ ਢੰਗ

ਮੀਂਹ ਦੇ ਨਾਲਿਆਂ ਤੇ ਅਖੀਰ ਆਪਣੀਆਂ ਨਦੀਆਂ ਦੇ ਪਾਣੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਕ੍ਰਿਪਾ ਕਰਕੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖੋ:

- ਹਮੇਸ਼ਾ ਵਾਤਾਵਰਣ ਲਈ ਲਾਹੇਵੰਦ ਚੀਜ਼ਾਂ ਦੀ ਵਰਤੋ ਕਰੋ।ਜਾਂ ਫੇਰ ਅਜਿਹਾ ਸਮਾਨ ਵਰਤੋ ਜਿਹੜਾ ਘੱਟ ਨੁਕਸਾਨਦਾਇਕ ਹੋਵੇ। ਅਤੇ ਹਮੇਸ਼ਾ ਉਤਪਾਦਕ ਦੀਆਂ ਹਿਦਾਇਤਾ ਦੀ ਪਾਲਣਾ ਕਰੋ।
- ਜਿੰਨਾ ਹੋ ਸਕੇ ਸਾਬਣ ਜਾਂ ਘੋਲਾਂ ਤੋਂ ਬਗੈਰ ਸਫ਼ਾਈ ਕਰੋ।
- ਸਫ਼ਾਈ ਵਾਲੇ ਪਾਣੀ ਨੂੰ ਮੀਂਹ ਦੇ ਨਾਲਿਆਂ ਵਿੱਚ ਨਾ ਸੁੱਟੋ, ਸਗੋਂ ਉਹਨਾਂ ਨੂੰ ਸੀਵਰੇਜ ਨਾਲ ਜੁੜੇ ਨਾਲਿਆਂ ਵਿੱਚ ਪਾਓ।
- ਕਾਰਪੇਟ ਸਾਫ਼ ਕਰਨ ਵਾਲੇ ਟਰੱਕਾਂ ਵਾਲਿਆਂ ਨੂੰ ਗੰਦਾ ਪਾਣੀ ਗਾਹਕਾਂ ਦੇ ਘਰ ਦੇ ਸੀਵਰੇਜ ਦੇ ਨਾਲਿਆਂ ਜਾਂ ਮਨਜ਼ੂਰਸ਼ੁਦਾ ਥਾਵਾਂ 'ਤੇ ਸੁਟਣਾ ਚਾਹੀਦਾ ਹੈ। ਜੇਕਰ ਕਾਰਪੇਟ ਸਾਫ਼ ਕਰਨ ਲੱਗਿਆਂ ਗੰਦਾ ਪਾਣੀ ਇੱਕਠਾ ਨਹੀਂ ਕੀਤਾ ਜਾ ਸਕਦਾ ਤਾਂ ਉਸਨੂੰ ਮੀਂਹ ਦੇ ਨਾਲਿਆਂ ਤੋਂ ਪਰ੍ਹੇ ਘਾਹ ਜਾਂ ਪੱਕੀ ਥਾਂ 'ਤੇ ਸੁੱਟਿਆ ਜਾਵੇ।
- ਗੰਦਾ ਪਾਣੀ ਸੀਵਰੇਜ ਵਿੱਚ ਸੁੱਟਣ ਤੋਂ ਪਹਿਲਾਂ ਉਸ ਨੂੰ ਛਾਣ ਲਓ ਤਾਂ ਜੋ ਪਾਈਪ ਬੰਦ ਨਾ ਹੋਣ, ਕੂੜੇ ਨੂੰ ਗਾਰਬੇਜ ਵਿੱਚ ਸੁੱਟ ਦਿਓ।
- ਸਫ਼ਾਈ ਕਰਨ, ਅਰੋਗ ਕਰਨ, ਸੁਗੰਧਤ ਕਰਨ ਅਤੇ ਖ਼ਾਰੇ ਸੋਡੇ ਵਾਲੇ ਪਦਾਰਥਾਂ ਨੂੰ ਸੁਰੱਖਿਅਤ ਥਾ ਓਨਟਿਜ਼ਿਨਿਗ, ਸੁਰੱਖਿਅਤ ਥਾਂ 'ਤੇ ਰੱਖਿਆਂ ਜਾਵੇ ਜਿੱਥੇ ਉਹਨਾਂ ਦੇ ਡੁੱਲਣ 'ਤੇ ਉਹ ਨਾਲਿਆਂ ਜਾਂ ਸੀਵਰੇਜ ਵਿੱਚ ਨਾ ਵੱਗ ਜਾਣ।
- ਸਫ਼ਾਈ ਕਰਨ, ਅਰੋਗ ਕਰਨ, ਸੁਗੰਧਤ ਕਰਨ ਵਾਲੇ ਪੁਰਾਣੇ ਪਦਾਰਥਾਂ ਨੂੰ ਉਹਨਾਂ ਦੀਆਂ ਸੁੱਟਣ ਵਾਲੀਆਂ ਖ਼ਾਸ ਥਾਵਾਂ 'ਤੇ ਹੀ ਸੁੱਟਣਾ ਚਾਹੀਦਾ ਹੈ। ਉਹਨਾਂ ਨੂੰ ਸੁੱਟਣ ਲਈ ਉਤਪਾਦਕਾਂ ਦੀਆਂ ਹਿਦਾਇਤਾਂ ਦਾ ਪਾਲਣ ਕਰੋ ਜਾਂ ਆਰ ਸੀ ਬੀ ਸੀ ਦੀ ਹੌਟਲਾਈਨ ਨਾਲ ਸੰਪਰਕ ਕਰੋ।
- ਇਸ ਗੱਲ ਨੂੰ ਯਕੀਨੀ ਬਣਾਓ ਕਿ ਸਾਰੇ ਕਰਮਚਾਰੀ ਇਸ ਗੱਲ ਤੋਂ ਜਾਣੂ ਹੋਣ ਕਿ ਉਹਨਾਂ ਨੇ ਨਾਲਿਆਂ ਦੇ ਪਾਣੀ ਨੂੰ ਪ੍ਰਦੂਸ਼ਤ ਹੋਣ ਤੋਂ ਕਿਵੇਂ ਬਚਾਉਣਾ ਹੈ।

